

# ਅਫੋਰਡੇਬਲ ਕਨੈਕਟਿਵਟੀ ਪ੍ਰੋਗਰਾਮ
## ਪਰਿਵਾਰਾਂ ਨੂੰ ਕਨੈਕਟ ਕਰਨ ਵਿੱਚ ਮਦਦ ਕਰਨਾ

ਅਫੋਰਡੇਬਲ ਕਨੈਕਟਿਵਟੀ ਪ੍ਰੋਗਰਾਮ (ACP) ਇੱਕ FCC ਪ੍ਰੋਗਰਾਮ ਹੈ ਜੋ ਘਰਾਂ ਅਤੇ ਪਰਿਵਾਰਾਂ ਦੀ ਪੁੱਗਣਯੋਗ ਇੰਟਰਨੈੱਟ ਸੇਵਾ ਨਾਲ ਕਨੈਕਟ ਹੋਣ ਵਿੱਚ ਮਦਦ ਕਰਦਾ ਹੈ।

## ACP ਇਹ ਪ੍ਰਦਾਨ ਕਰਦਾ ਹੈ:

- ਬ੍ਰੌਡਬੈਂਡ ਸੇਵਾ ਵਾਸਤੇ $30/ਮਹੀਨਾ ਤੱਕ ਦੀ ਛੋਟ;
- ਯੋਗਤਾ ਪੂਰੀ ਕਰਨ ਵਾਲੀਆਂ ਕਬਾਇਲੀ ਜ਼ਮੀਨਾਂ 'ਤੇ ਵਸੇ ਪਰਿਵਾਰਾਂ ਲਈ $75/ਮਹੀਨਾ ਤੱਕ ਦੀ ਛੋਟ; ਅਤੇ
- ਕਿਸੇ ਭਾਗ ਲੈ ਰਹੇ ਪ੍ਰਦਾਨਕ ਦੇ ਰਾਹੀਂ ਖਰੀਦੇ ਗਏ ਲੈਪਟੌਪ, ਡੈਸਕਟੌਪ ਕੰਪਿਊਟਰ, ਜਾਂ ਟੇਬਲੈੱਟ ਵਾਸਤੇ $100 ਤੱਕ ਦੀ ਇੱਕ-ਵਾਰੀ ਦੀ ਛੋਟ ਜੇ ਘਰ ਖ਼ਰੀਦ ਕੀਮਤ ਵਿੱਚ $10 ਤੋਂ ਜ਼ਿਆਦਾ ਪਰ $50 ਤੋਂ ਘੱਟ ਦਾ ਯੋਗਦਾਨ ਪਾਉਂਦਾ ਹੈ।

ACP ਹਰੇਕ ਘਰ ਲਈ ਇੱਕ ਮਾਸਿਕ ਸੇਵਾ ਛੋਟ ਅਤੇ ਇੱਕ ਡੀਵਾਈਸ ਛੋਟ ਤੱਕ ਸੀਮਤ ਹੈ।

## ਕੀ ਮੈਂ ਯੋਗ ਹਾਂ?

ਕੋਈ ਵੀ ਘਰ ACP ਵਾਸਤੇ ਯੋਗ ਹੁੰਦਾ ਹੈ ਜੇ ਘਰ ਦੀ ਆਮਦਨ Federal Poverty Guidelines ਦੇ 200% 'ਤੇ ਜਾਂ ਇਸ ਤੋਂ ਘੱਟ ਹੈ, ਜਾਂ ਘਰ ਦਾ ਕੋਈ ਮੈਂਬਰ ਹੇਠਾਂ ਦਿੱਤੀਆਂ ਕਸੌਟੀਆਂ ਵਿੱਚੋਂ ਘੱਟੋ-ਘੱਟ ਇੱਕ ਦੀ ਪੂਰਤੀ ਕਰਦਾ ਹੈ:

- ਵਰਤਮਾਨ ਅਵਾਰਡ ਸਾਲ ਦੌਰਾਨ 'ਫੈਡਰਲ ਪੈੱਲ ਗ੍ਰਾਂਟ' (Federal Pell Grant) ਪ੍ਰਾਪਤ ਕੀਤੀ ਹੈ;
- ਕਿਸੇ ਭਾਗ ਲੈ ਰਹੇ ਪ੍ਰਦਾਨਕ ਦੇ ਮੌਜੂਦਾ ਘੱਟ-ਆਮਦਨ ਵਾਲਿਆਂ ਲਈ ਇੰਟਰਨੈੱਟ ਪ੍ਰੋਗਰਾਮ ਲਈ ਯੋਗਤਾ ਸ਼ਰਤਾਂ ਪੂਰੀਆਂ ਕਰਦਾ ਹੈ;
- ਇਹਨਾਂ ਸਹਾਇਤਾ ਪ੍ਰੋਗਰਾਮਾਂ ਵਿੱਚੋਂ ਕਿਸੇ ਇੱਕ ਵਿੱਚ ਭਾਗ ਲੈਂਦਾ ਹੈ:
  - SNAP
  - ਮੈਡਿਕਏਡ (Medicaid)
  - ਫੈਡਰਲ ਪਬਲਿਕ ਹਾਊਜ਼ਿੰਗ ਅਸਿਸਟੈਂਸ (Federal Public Housing Assistance)
  - ਸਪਲੀਮੈਂਟਲ ਸਕਿਊਰਟੀ ਇਨਕਮ (SSI)
  - WIC
  - ਸਾਬਕਾ ਸੈਨਿਕਾਂ ਲਈ ਪੈਨਸ਼ਨ ਜਾਂ ਪਿੱਛੇ ਬਚ ਗਏ ਵਾਰਸਾਂ ਲਈ ਲਾਭ
  - ਜਾਂ Lifeline
- ਇਹਨਾਂ ਸਹਾਇਤਾ ਪ੍ਰੋਗਰਾਮਾਂ ਵਿੱਚੋਂ ਕਿਸੇ ਵਿੱਚ ਭਾਗ ਲੈਂਦਾ ਹੈ ਅਤੇ Qualifying Tribal lands (ਯੋਗਤਾ ਪੂਰੀ ਕਰਨ ਵਾਲੀਆਂ ਕਬਾਇਲੀ ਜ਼ਮੀਨਾਂ) ਉੱਤੇ ਰਹਿੰਦਾ ਹੈ:
  - ਬਿਊਰੋ ਆਫ ਇੰਡੀਅਨ ਅਫੇਅਰਜ਼ ਜਨਰਲ ਅਸਿਸਟੈਂਸ (Bureau of Indian Affairs General Assistance)
  - Tribal TANF
  - ਫੂਡ ਡਿਸਟ੍ਰੀਬਿਊਸ਼ਨ ਪ੍ਰੋਗਰਾਮ ਔਨ ਇੰਡੀਅਨ ਰਿਜ਼ਰਵੇਸ਼ਨਜ਼
  - ਟ੍ਰਾਈਬਲ ਹੈੱਡ ਸਟਾਰਟ (ਆਮਦਨ ਆਧਾਰਿਤ)

## ਦਾਖਲਾ ਲੈਣ ਲਈ ਦੋ-ਕਦਮ

1. ਕੋਈ ਅਰਜ਼ੀ ਦੇਣ ਲਈ AffordableConnectivity.gov 'ਤੇ ਜਾਓ ਜਾਂ ਫਿਰ ਕੋਈ ਮੇਲ-ਇਨ ਅਰਜ਼ੀ ਪ੍ਰਿੰਟ ਕਰੋ; ਅਤੇ
2. ਕਿਸੇ ਯੋਜਨਾ ਦੀ ਚੋਣ ਕਰਨ ਲਈ ਭਾਗ ਲੈ ਰਹੇ ਆਪਣੇ ਤਰਜੀਹੀ ਪ੍ਰਦਾਨਕ ਨਾਲ ਸੰਪਰਕ ਕਰੋ ਅਤੇ ਤੁਹਾਡੇ ਬਿੱਲ 'ਤੇ ਛੋਟ ਦੇਣ ਲਈ ਕਹੋ।

ਕੁਝ ਪ੍ਰਦਾਨਕਾਂ ਦੀ ਇੱਕ ਵਿਕਲਪਕ ਅਰਜ਼ੀ ਹੋ ਸਕਦੀ ਹੈ ਜੋ ਉਹ ਤੁਹਾਨੂੰ ਭਰਨ ਲਈ ਕਹਿਣਗੇ।

ਯੋਗਤਾ ਪੂਰੀ ਕਰਨ ਵਾਲੇ ਘਰਾਂ ਨੂੰ ਲਾਜ਼ਮੀ ਤੌਰ 'ਤੇ **ਪ੍ਰੋਗਰਾਮ ਵਾਸਤੇ ਅਰਜ਼ੀ ਵੀ ਦੇਣੀ ਚਾਹੀਦੀ ਹੈ ਅਤੇ ਕਿਸੇ ਸੇਵਾ ਯੋਜਨਾ ਦੀ ਚੋਣ ਕਰਨ ਲਈ ਕਿਸੇ ਭਾਗ ਲੈ ਰਹੇ ਪ੍ਰਦਾਨਕ ਨਾਲ ਸੰਪਰਕ ਵੀ ਕਰਨਾ ਚਾਹੀਦਾ ਹੈ।**

TECHQUITY

United Way
Greater Milwaukee & Waukesha County

@UnitedWayGMWC
#UnitedWayGMWC
UnitedWayGMWC.org

**877-384-2575** 'ਤੇ ਕਾਲ ਕਰੋ ਜਾਂ ਅਫੋਰਡਏਬਲ ਕਨੈਕਟਿਵਟੀ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ **fcc.gov/ACP** 'ਤੇ ਜਾਕੇ ਲਓ



# ਅਫੋਰਡੇਬਲ ਕਨੈਕਟਿਵਟੀ ਪ੍ਰੋਗਰਾਮ
# ਪਰਿਵਾਰਾਂ ਨੂੰ ਕਨੈਕਟ ਕਰਨ ਵਿੱਚ ਮਦਦ ਕਰਨਾ

## ਘੱਟ-ਲਾਗਤ ਵਾਲੀਆਂ ਇੰਟਰਨੈੱਟ ਪੇਸ਼ਕਸ਼ਾਂ ਪਤਾ ਕਰੋ

ਆਪਣੇ ਇਲਾਕੇ ਵਿੱਚ ਘੱਟ-ਲਾਗਤ ਵਾਲੀਆਂ ਇੰਟਰਨੈੱਟ ਪੇਸ਼ਕਸ਼ਾਂ ਲੱਭਣ ਲਈ:

- ਦੇਖੋ everyoneon.org/find-offers
- EveryoneOn ਇੰਟਰਨੈੱਟ ਸਰਵਿਸ ਵਿੱਚ ਦਾਖਲੇ ਵਿੱਚ ਸਹਾਇਤਾ ਵਾਸਤੇ (302) 367-7411 'ਤੇ ਕਾਲ ਕਰੋ

ਘੱਟ-ਲਾਗਤ ਵਾਲੀਆਂ ਇੰਟਰਨੈੱਟ ਪੇਸ਼ਕਸ਼ਾਂ ਜਿਨ੍ਹਾਂ ਵਾਸਤੇ ਤੁਸੀਂ ਯੋਗ ਹੋ ਸਕਦੇ ਹਨ, ਉਹਨਾਂ ਵਿੱਚ ਸ਼ਾਮਲ ਹਨ:

- **AT&T ਤੋਂ Access**
  - $30 ਜਾਂ ਘੱਟ
  - ਵਧੇਰੇ ਜਾਣਕਾਰੀ ਵਾਸਤੇ, (855) 220-5211 ਨੂੰ ਕਾਲ ਕਰੋ
  - ਡੇਟਾ: ਕਿਸਮ ਅਤੇ ਉਪਲਬਧ ਸਪੀਡਾਂ 'ਤੇ ਆਧਾਰਿਤ 150GB ਜਾਂ 1TB
  - ਕੋਈ ਸਥਾਪਨਾ (installation) ਫੀਸ ਨਹੀਂ ਅਤੇ ਘਰ-ਵਿੱਚ Wi-Fi ਮੋਡੈਮ ਵਾਸਤੇ ਕੋਈ ਖ਼ਰਚਾ ਨਹੀਂ
- **ਲੋਕਾਂ ਵਾਸਤੇ PCs**
  - $15/ ਮਹੀਨਾ
  - ਵਧੇਰੇ ਜਾਣਕਾਰੀ ਵਾਸਤੇ, (877) 450-8585 ਨੂੰ ਕਾਲ ਕਰੋ
  - ਡੇਟਾ: ਅਸੀਮਤ
  - 3 ਪ੍ਰੀ-ਪੇਡ ਪਲਾਨ ਉਪਲਬਧ ਹਨ: 3 ਮਹੀਨੇ ਦੀ ਸੇਵਾ ($15/ਮਹੀਨਾ ਦੀ ਦਰ 'ਤੇ $45); 6 ਮਹੀਨੇ ਦੀ ਸੇਵਾ ($14.16/ਮਹੀਨਾ ਦੀ ਦਰ 'ਤੇ $85); 12 ਮਹੀਨੇ ਦੀ ਸੇਵਾ ($11.25/ਮਹੀਨਾ ਦੀ ਦਰ 'ਤੇ $135)
- **ਸਪੈਕਟ੍ਰਮ ਇੰਟਰਨੈੱਟ ਅਸਿਸਟ**
  - $17.99/ ਮਹੀਨਾ
  - ਵਧੇਰੇ ਜਾਣਕਾਰੀ ਵਾਸਤੇ, (844) 525-1574 ਨੂੰ ਕਾਲ ਕਰੋ
  - ਡੇਟਾ: ਡੇਟਾ ਉੱਤੇ ਕੋਈ ਸੀਮਾਵਾਂ ਨਹੀਂ, ਮੁਫ਼ਤ ਮੋਡੈਮ, ਅਤੇ ਮੁਫ਼ਤ ਇੰਟਰਨੈੱਟ ਸਕਿਉਰਟੀ ਸਵੀਟ ਸੁਰੱਖਿਆ

## ਆਪਣੀ ਇੰਟਰਨੈੱਟ ਸਪੀਡ ਟੈਸਟ ਕਰੋ

ਆਪਣੀ ਇੰਟਰਨੈੱਟ ਸਪੀਡ ਟੈਸਟ ਕਰਨ ਲਈ, ਦੇਖੋ: https://expressoptimizer.net/public/